CAPAA
WASHINGTON STATE COMMISSION ON
ASIAN PACIFIC
AMERICAN AFFAIRS

**ਵਾਸ਼ਿੰਗਟਨ ਸਟੇਟ ਕਮਿਸ਼ਨ ਆਨ ਏਸ਼ੀਅਨ ਪੈਸੀਫਿਕ ਅਮੈਰੀਕਨ ਅਫੇਅਰਜ਼**

ਏਸ਼ੀਅਨ ਪੈਸੀਫਿਕ ਅਮਰੀਕੀਆਂ ਦੀ ਜ਼ਿੰਦਗੀ ਵਿੱਚ ਸੁਧਾਰ ਕਰਨਾ

**ਕਮਿਸ਼ਨ ਆਨ ਏਸ਼ੀਅਨ ਪੈਸੀਫਿਕ ਅਮੈਰੀਕਨ ਅਫੇਅਰਜ਼ 12 ਕਮਿਸ਼ਨਰਾਂ ਦੇ ਇੱਕ ਸਲਾਹਕਾਰ ਬੋਰਡ ਵਾਲੀ ,ਗਵਰਨਰ ਦੁਆਰਾ ਨਿਯੁਕਤ ,ਵਾਸ਼ਿੰਗਟਨ ਦੇ ਭਿੰਨ-ਭਿੰਨ ਏਸ਼ੀਅਨ ਪੈਸੀਫਿਕ ਅਮਰੀਕੀ ਸਮਾਜਾਂ ਦੀ ਨੁਮਾਇੰਦਗੀ ਕਰਨ ਲਈ ਇੱਕ ਸਟੇਟ ਏਜੰਸੀ ਹੈ।**

## ਸਾਡੀ ਭੂਮਿਕਾ

ਸਾਡਾ ਮਿਸ਼ਨ ਵਾਸ਼ਿੰਗਟਨ ਸਟੇਟ ਵਿੱਚ ਏਸ਼ੀਅਨ ਪੈਸੀਫਿਕ ਅਮਰੀਕੀਆਂ ਦੀ ਜ਼ਿੰਦਗੀ ਵਿੱਚ ਸੁਧਾਰ ਕਰਨਾ ਹੈ। ਅਸੀਂ ਚਿੰਤਾਵਾਂ ਦੀ ਜਵਾਬਦੇਹੀ ਅਤੇ ਸਕਾਰਾਤਮਕ ਤਬਦੀਲੀ ਅਤੇ ਲੰਮੇ-ਸਮੇਂ ਦੇ ਹੱਲ ਲੱਭਣ ਲਈ ਆਪਣੇ ਸਮਾਜਾਂ ਅਤੇ ਸਟੇਟ ਲੀਡਰਾਂ ਦੀ ਭਾਗੀਦਾਰੀ ਨਾਲ ਕੰਮ ਕਰਦੇ ਹਾਂ। ਸਾਡਾ ਸਟਾਫ਼ ਅਤੇ ਕਮਿਸਨਰ:

- ਸੁਨਿਸ਼ਚਿਤ ਕਰਦੇ ਹਨ ਕਿ ਸਮਾਜ ਦੀਆਂ ਆਵਾਜ਼ਾਂ ਰਾਜ ਸਰਕਾਰ ਤੱਕ ਪਹੁੰਚਦੀਆਂ ਹਨ।
- ਸਮਾਜਾਂ ਨੂੰ ਉਨ੍ਹਾਂ ਦੀ ਭਲਾਈ ਨੂੰ ਪ੍ਰਭਾਵਿਤ ਕਰਨ ਵਾਲੇ ਕਨੂੰਨਾਂ ਅਤੇ ਨੀਤੀਆਂ ਬਾਰੇ ਜਾਣਕਾਰੀ ਦੇਣੀ।
- ਸਾਡੇ ਸਮਾਜਾਂ ਦੀਆਂ ਹਰ ਤਰਾਂ ਦੀ ਲੋੜਾਂ ਦਾ ਸਮਰਥਨ ਕਰਨ ਵਾਲੀਆਂ ਨੀਤੀਆਂ ਅਤੇ ਸੇਵਾਵਾਂ ਲਈ ਸਮਰਥਨ ਕਰਨਾ।

## ਧਿਆਨ ਦੇਣ ਵਾਲੇ ਖੇਤਰ

- **ਨਾਗਰਿਕ ਅਧਿਕਾਰ ਅਤੇ ਨਿਆਂ :**ਪਰਵਾਸੀਆਂ ਅਤੇ ਸ਼ਰਨਾਰਥੀਆਂ ਲਈ ਨਿਆਂ ਸਮੇਤ ,ਨਸਲੀ ਬਰਾਬਰੀ ਅਤੇ ਨਾਗਰਿਕ ਅਧਿਕਾਰਾਂ ਲਈ ਸਮਰਥਨ ਕਰਨਾ।
- **ਸਿੱਖਿਆ :**ਇਹ ਸੁਨਿਸ਼ਚਿਤ ਕਰਨ ਲਈ ਕਿ ਹਰੇਕ ਬੱਚੇ ਕੋਲ ਇੱਕ ਉੱਤਮ ਸਿੱਖਿਆ ਲਈ ਪਹੁੰਚ ਉਪਲਬਧ ਹੈ ਜਿਹੜੀ ਵਿਭਿੰਨਤਾ ਅਤੇ ਆਪਸੀ ਸਤਿਕਾਰ ਦੀ ਕਦਰ ਕਰਦੀ ਹੈ ,ਲਈ ਰਣਨੀਤੀਆਂ ਵਿਕਸਿਤ ਕਰਨਾ।
- **ਸਿਹਤ ਅਤੇ ਮੁਨੁੱਖੀ ਸੇਵਾਵਾਂ :**ਉੱਤਮ ,ਸਸਤੀਆਂ ,ਅਤੇ ਸਭਿਆਚਾਰਕ-ਉਚਿਤ ਸਿਹਤ ਅਤੇ ਸਮਾਜਕ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕਰਨ ਦੇ ਢੰਗ ਉਤਸ਼ਾਹਿਤ ਕਰਨੇ।
- **ਆਰਥਿਕ ਵਿਕਾਸ :**ਉੱਦਮਤਾ ਅਤੇ ਕਾਰਜਬਲ ਵਿੱਚ ਸ਼ਾਮਲ ਹੋਣ ਦੇ ਮੌਕਿਆਂ ਵਿੱਚ ਵਾਧਾ ਕਰਨਾ।




## ਕਮਿਸ਼ਨਰ

ਕਮਿਸ਼ਨਰ ਇੱਕ ਤਿੰਨ-ਸਾਲਾ ਮਿਆਦ ਦੀ ਸੇਵਾ ਕਰਦੇ ਹਨ ਅਤੇ ਪੰਜ ਮੀਟਿੰਗਾਂ ਪ੍ਰਤੀ ਸਾਲ ਵਿੱਚ ਸ਼ਾਮਲ ਹੁੰਦੇ ਹਨ। ਉਹ ਆਪਣੇ ਸਮਾਜ ਵਿੱਚ ਸਬੰਧਾਂ ਦਾ ਵਿਕਾਸ ਕਰਦੇ ਹਨ ਅਤੇ ਸਮਾਜਿਕ ਮੀਟਿੰਗਾਂ ਦੇ ਆਯੋਜਨ ,ਗਠਬੰਧਨਾਂ ਦੇ ਸਮਰਥਨ ,ਕਮੇਟੀਆਂ ਦੀ ਸੇਵਾ ,ਮੁੱਦਿਆਂ ਦੀ ਜਾਂਚ ,ਅਤੇ ਫ਼ੈਸਲਾ-ਲੈਣ ਵਾਲਿਆਂ ਦੁਆਰਾ ਹੱਲ ਲੱਭਣ ਲਈ ਕੰਮ ਕਰਦੇ ਹਨ।

## ਸਾਡਾ ਇਤਿਹਾਸ

ਏਸ਼ੀਅਨ ਪੈਸੀਫਿਕ ਅਮਰੀਕੀਆਂ ਨੇ ਸਾਡੇ ਸੰਪੂਰਨ ਰਾਜ ਅਤੇ ਦੇਸ਼ ਦੇ ਇਤਿਹਾਸ ਵਿੱਚ ਵਿਤਕਰੇ ਦਾ ਅਨੁਭਵ ਕੀਤਾ ਹੈ ਅਤੇ ਸਰਕਾਰੀ ਸੇਵਾਵਾਂ ਵਿੱਚ ਪਹੁੰਚ ਪ੍ਰਾਪਤ ਕਰਨ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਜਾਰੀ ਰੱਖ ਰਹੇ ਹਨ। 1972 ਵਿੱਚ ਸਮਾਜਕ ਕਰਮੀਆਂ ਦੁਆਰਾ ਸਥਾਪਿਤ ਅਤੇ 1974 ਵਿੱਚ ਵਿਧਾਨ ਮੰਡਲ ਦੁਆਰਾ ਕਨੂੰਨ ਵਿੱਚ ਸ਼ਾਮਲCAPAA ,ਨੇ ਵਕਾਲਤ ,ਭਾਈਚਾਰਾ ਸਿੱਖਿਆ ,ਅੱਗੇ ਵਧਣ ,ਅਤੇ ਸਾਡੇ ਭਾਈਚਾਰਿਆਂ ਦੇ ਸਮਰਥਨ ਵਿੱਚ ਸਹਿਯੋਗ ਵਿੱਚ ਸੁਧਾਰ ਕਰਨ ਲਈ ਮਿਹਨਤ ਨਾਲ ਕੰਮ ਕੀਤਾ ਹੈ।

## ਕਿਵੇਂ ਸ਼ਾਮਲ ਹੋਇਆ ਜਾਵੇ

- ਮੁੱਦਿਆਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਇੱਕ ਕਮਿਸ਼ਨਰ ਨਾਲ ਮੁਲਾਕਾਤ ਕਰਨਾ।
- ਕਮਿਸ਼ਨ ਬੋਰਡ ਦੀ ਇੱਕ ਮੀਟਿੰਗ ਵਿੱਚ ਸ਼ਾਮਲ ਹੋਣਾ।
- ਇੱਕ ਕਮਿਸ਼ਨਰ ਵਜੋਂ ਸੇਵਾ ਨਿਭਾਉਣ ਲਈ ਬੇਨਤੀ ਦਰਜ ਕਰਨਾ।
- ਸਾਡੇ ਵੈਬਸਾਈਟ ਰਾਹੀਂ ਸਾਡੀ ਈ-ਮੇਲ ਨਿਊਜ਼ਲੈਟਰ ਲਈ ਸਾਈਨ-ਅੱਪ ਕਰਨਾ।

## ਸਾਡੇ ਨਾਲ ਸੰਪਰਕ ਕਰੋ

CAPAA.WA.GOV
CAPAA@CAPAA.WA.GOV
360.725.5667
FACEBOOK.COM/WACAPAA